# Second India - Japan Space Dialogue

November 02, 2021

## ਪੁਲਾੜ ਸਬੰਧੀ ਭਾਰਤ-ਜਾਪਾਨ ਦਰਮਿਆਨ ਦੂਜਾ ਸੰਵਾਦ

**2 ਨਵੰਬਰ, 2021**

ਪੁਲਾੜ ਸਬੰਧੀ ਭਾਰਤ-ਜਾਪਾਨ ਦਰਮਿਆਨ ਦੂਜਾ ਸੰਵਾਦ 2 ਨਵੰਬਰ, 2021 ਨੂੰ ਵਰਚੁਅਲ ਮੋਡ ਰਾਹੀਂ ਹੋਇਆ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਅੰਦਰ ਨਿਹੱਥਾਕਰਨ ਅਤੇ ਆਲਮੀ ਸੁਰੱਖਿਆ ਮਾਮਲੇ ਸਕੱਤਰ ਅਤੇ ਇਸਰੋ ਦੇ ਵਿਗਿਆਨਕ ਸਕੱਤਰ ਦੁਆਰਾ ਕੀਤੀ ਗਈ, ਜਦੋਂਕਿ ਜਾਪਾਨੀ ਵਫ਼ਦ ਦੀ ਸਹਿ-ਅਗਵਾਈ ਵਿਦੇਸ਼ ਮੰਤਰਾਲੇ ਦੇ ਵਿਦੇਸ਼ ਨੀਤੀ ਬਿਊਰੋ ਦੇ ਉਪ ਸਹਾਇਕ ਮੰਤਰੀ / ਰਾਜਦੂਤ (ਨੀਤੀ ਵਿਉਂਤਬੰਦੀ ਅਤੇ ਅੰਤਰਰਾਸ਼ਟਰੀ ਸੁਰੱਖਿਆ ਨੀਤੀ) ਅਤੇ ਕੈਬਨਿਟ ਦਫ਼ਤਰ ਦੇ ਰਾਸ਼ਟਰੀ ਪੁਲਾੜ ਨੀਤੀ ਸਕੱਤਰੇਤ ਦੇ ਡਾਇਰੈਕਟਰ ਜਨਰਲ ਕਰ ਰਹੇ ਸਨ।

ਦੋਵਾਂ ਧਿਰਾਂ ਨੇ ਆਪੋ-ਆਪਣੀਆਂ ਪੁਲਾੜ ਨੀਤੀਆਂ ਅਤੇ ਤਰਜੀਹਾਂ ਅਤੇ ਪੁਲਾੜ ਸੁਰੱਖਿਆ, ਪੁਲਾੜ ਸਥਿਤੀ ਸਬੰਧੀ ਜਾਗਰੂਕਤਾ, ਗਲੋਬਲ ਨੇਵੀਗੇਸ਼ਨ ਸੈਟੇਲਾਈਟ ਪ੍ਰਣਾਲੀਆਂ, ਇਸਰੋ-ਜੈਕਸਾ, ਪੁਲਾੜ ਉਦਯੋਗਾਂ ਅਤੇ ਤਕਨਾਲੋਜੀ ਵਪਾਰ ਵਿਚਕਾਰ ਦੁਵੱਲੇ ਸਹਿਯੋਗ ਸਮੇਤ ਪੁਲਾੜ ਖੇਤਰ ਵਿੱਚ ਆਲਮੀ ਘਟਨਾਕ੍ਰਮ ਬਾਰੇ ਜਾਣਕਾਰੀ ਦਾ ਵਟਾਂਦਰਾ ਕੀਤਾ।

ਨਵੀਂ ਦਿੱਲੀ
2 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.